ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026
ISSN: 2583-9446 (O)
Paper Published Id: ARMN040127
Available online at: www.armaan.org.in
DOI: https://doi.org/10.64119/armaan.vol.4.issue1.27

# ਹਰਿਭਜਨ ਸਿੰਘ ਦੀ ਸਮੀਖਿਆ-ਵਿਧੀ
# (‘ਰੂਪਕੀ’ ਪੁਸਤਕ ਦੇ ਵਿਸ਼ੇਸ਼ ਪ੍ਰਸੰਗ ਵਿਚ)
# Haribhajan Singh Di Sameekhiya-Vidhi
# ('Roopki' Pustak De Vishesh Prasang Vich)

**ਜਗਜੀਤ ਸਿੰਘ (Jagjit Singh)**
ਸਹਾਇਕ ਪ੍ਰੋਫੈਸਰ (Assistant Professor)
ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ, ਕਪੂਰਥਲਾ (ਪੰਜਾਬ)
Email ID: Jagjitsingh2045@gmail.com ਮੋਬਾਈਲ: +91- 97807-35614

**ਸਾਰ (Abstract)**

*ਪੰਜਾਬੀ ਸਾਹਿਤ ਆਲੋਚਨਾ ਦੇ ਇਤਿਹਾਸਿਕ ਪਰਿਪੇਖ ਵਿੱਚ ਡਾ. ਹਰਿਭਜਨ ਸਿੰਘ ਦਾ ਯੋਗਦਾਨ ਅਤਿਅੰਤ ਮਹੱਤਵਪੂਰਨ ਹੈ। ਉਨ੍ਹਾਂ ਨੇ ਪੂਰਵਲੀ ਆਲੋਚਨਾ-ਪਰੰਪਰਾ ਨਾਲ ਇੱਕ ਸਾਰਥਕ ਸੰਵਾਦ ਰਚਾਉਂਦੇ ਹੋਏ ਪੰਜਾਬੀ ਸਮੀਖਿਆ ਜਗਤ ਨੂੰ ਆਧੁਨਿਕ 'ਸਾਹਿਤ-ਵਿਗਿਆਨ' (Poetics) ਦੀਆਂ ਨਵੀਨ ਧਾਰਨਾਵਾਂ ਨਾਲ ਰੂਬਰੂ ਕਰਵਾਇਆ। ਉਨ੍ਹਾਂ ਦੇ ਸਾਹਿਤ-ਚਿੰਤਨ ਦਾ ਸਭ ਤੋਂ ਉੱਘੜਵਾਂ ਪਹਿਲੂ ਸਿਧਾਂਤਕ ਸੂਝ ਨੂੰ ਵਿਹਾਰਕ ਸਮੀਖਿਆ ਦੇ ਧਰਾਤਲ 'ਤੇ ਲਾਗੂ ਕਰਨਾ ਹੈ। ਹਥਲਾ ਖੋਜ-ਪੱਤਰ ਡਾ. ਹਰਿਭਜਨ ਸਿੰਘ ਦੀ ਪ੍ਰਮਾਣਿਕ ਪੁਸਤਕ ‘ਰੂਪਕੀ’ ਦੇ ਵਿਸ਼ੇਸ਼ ਪ੍ਰਸੰਗ ਵਿੱਚ ਉਨ੍ਹਾਂ ਦੀ ਸਮੀਖਿਆ-ਵਿਧੀ ਦੀ ਪਛਾਣ ਕਰਨ ਦੇ ਉਦੇਸ਼ ਨਾਲ ਵਿਉਂਤਿਆ ਗਿਆ ਹੈ। ਪੰਜਾਬੀ ਸਾਹਿਤ ਆਲੋਚਨਾ ਵਿੱਚ ‘ਰੂਪਕੀ’ ਇੱਕ ਅਜਿਹਾ ਮੀਲ-ਪੱਥਰ ਹੈ, ਜਿਸ ਦੇ ਪ੍ਰਕਾਸ਼ਨ ਨਾਲ ਅਧਿਐਨ ਦੀ ਦਿਸ਼ਾ ਵਿੱਚ ਇੱਕ ਗੁਣਾਤਮਕ ਪਰਿਵਰਤਨ ਆਇਆ। ਜਿੱਥੇ ਹਰਿਭਜਨ ਸਿੰਘ ਤੋਂ ਪੂਰਵਲੀ ਆਲੋਚਨਾ ਮੁੱਖ ਤੌਰ 'ਤੇ ਸਾਹਿਤਕ 'ਵਸਤੂ' (Content) ਦੇ ਵਿਸ਼ਲੇਸ਼ਣ ਤੱਕ ਸੀਮਤ ਸੀ, ਉੱਥੇ ਉਨ੍ਹਾਂ ਨੇ 'ਰੂਪ' (Form) ਨੂੰ ਅਧਿਐਨ ਦੇ ਕੇਂਦਰ ਵਿੱਚ ਸਥਾਪਿਤ ਕਰਕੇ ਰਚਨਾ ਦੀ 'ਸਾਹਿਤਿਕਤਾ' (Literariness) ਦੀ ਪਛਾਣ 'ਤੇ ਬਲ ਦਿੱਤਾ। ਨਿਕਟ-ਅਧਿਐਨ (Close Reading) ਅਤੇ ਸੂਖਮ ਵਿਸ਼ਲੇਸ਼ਣ ਰਾਹੀਂ ਇਹ ਪੁਸਤਕ ਵਿਹਾਰਕ ਅਧਿਐਨ ਦਾ ਇੱਕ ਨਵਾਂ ਪ੍ਰਮਾਣਿਕ ਮਾਡਲ ਪੇਸ਼ ਕਰਦੀ ਹੈ। ਇਸ ਖੋਜ-ਪੱਤਰ ਦਾ ਮੁੱਖ ਕੇਂਦਰ ‘ਰੂਪਕੀ’ ਪੁਸਤਕ ਵਿੱਚ ਵਰਤੇ ਗਏ ਆਲੋਚਨਾਤਮਕ ਨੇਮਾਂ, ਸੰਦਾਂ ਅਤੇ ਵਿਧੀ-ਵਿਧਾਨ ਦੀ ਪੁਣ-ਛਾਣ ਕਰਨਾ ਹੈ। ਪੂਰਵਲੀ ਸਮੀਖਿਆ ਦੇ ਸਮਾਨਾਂਤਰ ਰੱਖ ਕੇ ਦੇਖਣ 'ਤੇ ਇਸ ਪੁਸਤਕ ਦੀ ਇਤਿਹਾਸਿਕ ਅਤੇ ਸਿਧਾਂਤਕ ਵਿਲੱਖਣਤਾ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ।*

*ਕੀਵਰਡ (Keyword): ‘ਰੂਪਕੀ’, ਰੂਪਵਾਦ, ਸੰਰਚਨਾਵਾਦ, ਵਿਹਾਰਕ ਸਮੀਖਿਆ, ਬੁਣਤੀ, ਨਿਕਟ ਅਧਿਐਨ, ਤਨਾਉ।*

ਪੰਜਾਬੀ ਸਾਹਿਤ-ਆਲੋਚਨਾ ਵਿਚ ਹਰਿਭਜਨ ਸਿੰਘ ਦਾ ਨਾਮ ਇਤਿਹਾਸਕ ਮਹੱਤਤਾ ਵਾਲਾ ਹੈ। ਉਸ ਨੇ ਪੂਰਵਲੀ ਆਲੋਚਨਾ-ਪਰੰਪਰਾ ਨਾਲ ਸੰਵਾਦ ਰਚਾਉਂਦੇ ਹੋਏ, ਪੰਜਾਬੀ ਆਲੋਚਨਾ-ਜਗਤ ਦਾ ਤੁਆਰਫ਼ ਨਵੀਂ ਕਿਸਮ ਦੀ ਆਲੋਚਨਾ ਨਾਲ ਕਰਾਇਆ। ਉਹ ਸੁਚੇਤ ਪੱਧਰ ਉੱਤੇ ਪੂਰਵਲੀ ਆਲੋਚਨਾ-ਪਰੰਪਰਾ ਨਾਲੋਂ ਵੱਖਰਤਾ ਸਥਾਪਿਤ ਕਰਦਿਆਂ, ਸਾਹਿਤ ਵਿਗਿਆਨ ਨੂੰ ਉਸਾਰਨ ਦੇ ਯਤਨ ਸ਼ੁਰੂ ਕਰਦਾ ਹੈ। ਸਿਧਾਂਤ ਉਸਾਰੀ ਦੇ ਨਾਲ-ਨਾਲ ਵਿਹਾਰਕ ਸਮੀਖਿਆ ਰਾਹੀਂ ਵੀ ਉਹ ਪੂਰਵਲੀ-ਆਲੋਚਨਾ-ਪਰੰਪਰਾ ਨਾਲੋਂ ਵਿਥ ਥਾਪਦਾ ਨਜ਼ਰ ਆਉਂਦਾ ਹੈ। ਉਹ ਕਿਸੇ ਇਕ ਸਾਹਿਤ ਰੂਪ ਜਾਂ ਵਿਧਾ ਦੇ ਅਧਿਐਨ ਤਕ ਸੀਮਤ ਨਾ ਰਹਿੰਦਾ ਹੋਇਆ, ਹਰ ਪੱਖੋਂ ਸਾਹਿਤ ਦਾ ਅਧਿਐਨ ਕਰਦਾ ਹੈ। ਗਿਣਤੀ ਦੇ ਨਾਲ-ਨਾਲ ਗੁਣਾਤਮਕ ਪੱਖ ਤੋਂ ਵੀ ਉਸ ਦਾ ਅਧਿਐਨ ਕਾਰਜ ਮਹੱਤਵ ਦਾ ਧਾਰਨੀ ਹੈ। ਅਧਿਅਨ ਅਤੇ ਅਧਿਆਪਨ (1970), ਮੂਲ ਤੇ ਮੁਲੰਕਣ (1972), ਪੁਰਾਤਨ ਜਨਮਸਾਖੀ (1972), ਸਾਹਿਤ ਤੇ ਸਿੱਧਾਂਤ (1973), ਸਾਹਿਤ ਸ਼ਾਸਤਰ (1973), ਪਾਰਗਾਮੀ (1974), ਰੂਪਕੀ (1976), ਰਚਨਾ ਸੰਰਚਨਾ (1977), ਸਾਹਿਤ ਵਿਗਿਆਨ (1978), ਰੂਸੀ ਰੂਪਵਾਦ (1978), ਸਿਸਟਮੀ (1979), ਸਾਹਿਤ ਅਧਿਐਨ (1981), ਪਤਰਾਂਜਲੀ (1981), ਇਕ ਖ਼ਤ ਤੇਰੇ ਨਾਂ (1983), ਪੂਰਨ ਸਿੰਘ: ਰਚਨਾ-ਵਿਰਚਨਾ (1984), ਖ਼ਾਮੋਸ਼ੀ ਦਾ ਜ਼ਜ਼ੀਰਾ (1988), ਪਿਆਰ ਤੇ ਪਰਿਵਾਰ (1988) ਅਤੇ ਮੇਰੀ ਪਸੰਦ (1991) ਉਸ ਦੀਆਂ ਸਮੀਖਿਆ ਪੁਸਤਕਾਂ ਹਨ।

ਹਰਿਭਜਨ ਸਿੰਘ ਦਾ ਸਿਧਾਂਤਕ ਕਾਰਜ ਪੱਛਮੀ ਅਧਿਐਨ-ਵਿਧੀਆਂ ਰੂਪਵਾਦ, ਸੰਰਚਨਾਵਾਦ, ਚਿਹਨ-ਆਲੋਚਨਾ, ਸ਼ੈਲੀ ਵਿਗਿਆਨ ਆਦਿ ਦੀ ਜਾਣ-ਪਛਾਣ ਕਰਾਉਣ ਨਾਲ ਸੰਬੰਧਿਤ ਹੈ। ਇਹਨਾਂ ਆਲੋਚਨਾ-ਪ੍ਰਣਾਲੀਆਂ ਤੋਂ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰ ਕੇ ਹੀ ਉਹ ਸਾਹਿਤ ਅਤੇ ਸਾਹਿਤ ਦੀ ਪ੍ਰਕਿਰਤੀ ਬਾਰੇ ਚਰਚਾ ਛੇੜਦਾ ਹੈ। ਉਸ ਦਾ ਇਹ ਸਿਧਾਂਤਕ ਕਾਰਜ ਕਈ ਵਾਰ ਅਨੁਵਾਦ ਵਰਗਾ ਨਜ਼ਰੀਂ ਆਉਂਦਾ ਹੈ। ਮਿਸਾਲ ਵਜੋਂ *ਉਸ ਦਾ ਮਜ਼ਮੂਨ ‘ਰੂਸੀ ਰੂਪਵਾਦ: ਰੂਪ ਚੇਤਨਾ’ ਵਿਚਾਰਿਆ ਜਾ ਸਕਦਾ ਹੈ ਜੋ ਤੋਦੋਰੋਵ ਦੇ ਲੇਖ ‘Some approaches to Russian formalism’ 'ਤੇ ਆਧਾਰਿਤ ਹੈ। ਇਹੀ ਕਾਰਨ ਹੈ ਕਿ ਕਈ ਵਾਰ ਪੰਜਾਬੀ ਦੇ ਆਲੋਚਕ ਉਸ ਦੇ ਕਾਰਜ ਨੂੰ ਅਨੁਵਾਦ ਵਰਗਾ ਜਾਂ ਅਨੁਵਾਦ ਆਖਦੇ ਨਜ਼ਰ ਆਉਂਦੇ ਹਨ।* [1] ਉਹ ਸਿਧਾਂਤਕ ਪੱਧਰ 'ਤੇ ਸਾਹਿਤ ਦੀ ਪ੍ਰਕਿਰਤੀ, ਸਾਹਿਤ ਦਾ ਪ੍ਰਯੋਜਨ ਅਤੇ ਸਾਹਿਤ ਦੀ ਹੋਂਦ-ਵਿਧੀ ਦੀ ਚਰਚਾ ਕਰਦਾ ਹੈ। ਸਾਹਿਤ

ਦੀ ਹੋਂਦ-ਵਿਧੀ ਅਤੇ ਸਾਹਿਤ-ਪਾਠ ਦੀ ਤਹਿ ਹੇਠ ਕੰਮ ਕਰਦੇ ਨੇਮਾਂ ਦੀ ਤਲਾਸ਼, ਉਸ ਦੇ ਚਿੰਤਨ-ਕਾਰਜ ਦਾ ਮੂਲ ਧੁਰਾ ਬਣਦੀ ਹੈ।

ਵਿਹਾਰਕ ਸਮੀਖਿਆ ਦੇ ਖੇਤਰ ਵਿਚ ਹਰਿਭਜਨ ਸਿੰਘ ਦੀ ਦੇਣ ਮਹੱਤਵਪੂਰਨ ਹੈ। ਹਰਿਭਜਨ ਸਿੰਘ ਤੋਂ ਪੂਰਵਲੀ ਸਮੀਖਿਆ ਕਾਵਿ ਨੂੰ ਖ਼ੁਦਮੁਖ਼ਤਾਰ ਹੋਂਦ ਮੰਨਣ ਦੀ ਬਜਾਏ ਸਾਹਿਤ ਦਾ ਅਧਿਐਨ ਸਾਹਿਤ ਬਾਹਰੀ ਪਹੁੰਚਾਂ ਰਾਹੀਂ ਕਰਦੀ ਸੀ। ਪਰ ਹਰਿਭਜਨ ਸਿੰਘ ਨੇ ਪਹਿਲੀ ਵਾਰ ਰਚਨਾ ਨੂੰ ਸੁਤੰਤਰ ਹੋਂਦ ਮੰਨਦਿਆਂ, ਇਸ ਦੀ ਸਾਹਿਤਿਕਤਾ ਨੂੰ ਪਛਾਣਨ ਦਾ ਯਤਨ ਕੀਤਾ। ਸਤਿੰਦਰ ਸਿੰਘ ਦੇ ਸ਼ਬਦਾਂ ਵਿਚ, *"ਸਮੀਖਿਆਕਾਰ ਡਾਕਟਰ ਦਾ ਸਭ ਤੋਂ ਵੱਡਾ ਯੋਗਦਾਨ ਵਿਹਾਰਕ ਸਮੀਖਿਆ ਨੂੰ ਹੈ। ਪੰਜਾਬੀ ਵਿਚ ਨਿਰੋਲ ਇਕ ਕਵਿਤਾ ਦੀ ਪਾਠ-ਆਧਾਰਿਤ ਆਲੋਚਨਾ ਦੀ ਸ਼ੁਰੂਆਤ ਡਾ. ਸਾਹਿਬ ਨੇ ਕੀਤੀ। ਇਹ ਸਮੀਖਿਆ-ਵਿਧੀ ਅੰਤਰੰਗ ਨਿਕਟ ਅਧਿਐਨ ਵੱਲ ਰੁਚਿਤ ਸੀ। ਪੰਜਾਬੀ ਸਾਹਿਤ-ਸਮੀਖਿਆ ਨੂੰ ਇਹਨਾਂ ਨੇ ਸਾਹਿਤ-ਸਿਰਜਣਾ ਦੇ ਮਾਡਲਾਂ, ਤੱਤਾਂ, ਵਸਤੂ-ਰੂਪਾਂ, ਥੀਮਿਕ ਪੈਟਰਨਾਂ, ਸਾਹਿਤ-ਜੁਗਤਾਂ, ਅਧਿਐਨ-ਪਹੁੰਚਾਂ ਦੇ ਸੰਕਲਪਾਂ ਨਾਲ ਮਾਲਾ ਮਾਲ ਕੀਤਾ ਹੈ।"* [2]

ਹਰਿਭਜਨ ਸਿੰਘ ਦੇ ਵਿਹਾਰਕ ਅਧਿਐਨ ਦਾ ਵਿਦਾ-ਬਿੰਦੂ *'ਕਾਵਿ-ਕਿਰਤ ਨੂੰ ਆਪਣੇ ਆਪ ਵਿਚ ਸੰਪੂਰਨ ਪ੍ਰਤੀਕ ਮੰਨ ਕੇ ਅਧਿਐਨ ਕਰਨ'* [3] ਦੀ ਧਾਰਨਾ ਬਣਦੀ ਹੈ। ਕਾਵਿ-ਕਿਰਤ ਨੂੰ ਸਮਾਜਕ-ਸਾਂਸਕ੍ਰਿਤਕ ਸੰਦਰਭ ਤੋਂ ਅੱਡ ਕਰ ਕੇ ਵੇਖਣਾ ਅਤੇ ਸਿਰਫ਼ ਖ਼ੁਦਮੁਖਤਾਰ ਹੋਂਦ ਵਜੋਂ ਕਬੂਲ ਕਰਨਾ, ਰੂਸੀ ਰੂਪਵਾਦੀਆਂ ਦੀ ਬੁਨਿਆਦੀ ਧਾਰਨਾ ਹੈ। ਇਹ ਧਾਰਨਾ ਹਰਿਭਜਨ ਸਿੰਘ ਦੀ ਕਾਵਿ-ਸਮੀਖਿਆ ਦੀ ਆਧਾਰੀ ਇਕਾਈ ਹੈ।

ਹਥਲਾ ਖੋਜ-ਪੱਤਰ ਹਰਿਭਜਨ ਸਿੰਘ ਦੀ ਸਮੀਖਿਆ ਪੁਸਤਕ ਰੂਪਕੀ (1976) ਦੇ ਅਧਿਐਨ ਨਾਲ ਸੰਬੰਧਿਤ ਹੈ। ਰੂਪਕੀ ਪੁਸਤਕ ਦੇ ਪ੍ਰਕਾਸ਼ਨ ਨਾਲ ਪੰਜਾਬੀ ਸਾਹਿਤ ਆਲੋਚਨਾ ਵਿਚ ਨਵਾਂ ਮੋੜ ਆਉਂਦਾ ਹੈ। ਵਿਹਾਰਕ ਸਮੀਖਿਆ ਨਾਲ ਸੰਬੰਧਿਤ ਪਹਿਲੀ ਪੁਸਤਕ ਹੋਣ ਦੇ ਲਿਹਾਜ਼ ਨਾਲ ਇਹ ਪੁਸਤਕ ਵਿਸ਼ੇਸ਼ ਮਹੱਤਤਾ ਵਾਲੀ ਹੈ। ਉਸ ਨੇ ਪਹਿਲੀ ਵਾਰ ਇਕ ਕਵਿਤਾ ਨੂੰ ਸੁਤੰਤਰ ਹੋਂਦ ਮੰਨਦਿਆਂ, ਉਸ ਦਾ ਨਿਕਟ ਅਧਿਐਨ ਪੇਸ਼ ਕੀਤਾ। ਇਸ ਪੁਸਤਕ ਵਿਚ ਹਰਿਭਜਨ ਸਿੰਘ ਨੇ 12 ਕਵਿਤਾਵਾਂ ਦਾ ਵਿਹਾਰਕ ਅਧਿਐਨ ਕੀਤਾ ਹੈ। ਇਸ ਅਧਿਐਨ ਦੌਰਾਨ ਉਹ ਸਮੀਖਿਆ-ਵਿਧੀ ਦੀ ਤਲਾਸ਼ ਅਤੇ ਉਸਾਰੀ ਵੱਲ ਰੁਚਿਤ ਹੁੰਦਾ ਹੈ। ਉਸ ਦੇ ਵਿਚਾਰ ਮੁਤਾਬਿਕ ਸਮੀਖਿਆ ਦੇ ਇਸ ਮਾਡਲ ਦੀ ਉਸਾਰੀ ਕਾਵਿ-ਕਿਰਤਾਂ 'ਤੇ ਬਣੇ ਬਣਾਏ ਚੌਖਟੇ ਥੋਪ ਕੇ ਨਹੀਂ ਕੀਤੀ ਜਾ ਸਕਦੀ ਬਲਕਿ ਇਸ ਲਈ ਪੰਜਾਬੀ ਕਾਵਿ-ਕਿਰਤਾਂ ਨੂੰ ਆਧਾਰ ਬਣਾਇਆ ਜਾਣਾ ਚਾਹੀਦਾ ਹੈ।

ਅਧਿਐਨ ਦੀ ਬੁਨਿਆਦੀ ਇਕਾਈ ਵਿਚ ਦਾਖਲ ਹੋਣ ਤੋਂ ਪਹਿਲਾਂ ਹਰਿਭਜਨ ਸਿੰਘ ਦੀ ਵਿਹਾਰਕ ਸਮੀਖਿਆ ਸੰਬੰਧੀ ਪ੍ਰਾਪਤ ਧਾਰਨਾਵਾਂ ਨੂੰ ਵਿਚਾਰ ਲੈਣਾ ਲਾਜ਼ਮੀ ਹੈ। ਹਰਿਭਜਨ ਸਿੰਘ ਦੀ ਵਿਹਾਰਕ-ਸਮੀਖਿਆ ਸੰਬੰਧੀ ਕਈ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ ਹਨ। ਹਰਿਭਜਨ ਸਿੰਘ ਭਾਟੀਆ ਨੇ ਰੂਪਕੀ ਪੁਸਤਕ ਦੇ ਸੰਬੰਧ ਵਿਚ ਲਿਖਿਆ ਹੈ ਕਿ, *ਰੂਪਕੀ ਪੁਸਤਕ ਵਿਚ ਵਰਤੀ ਗਈ ਅਧਿਐਨ-ਵਿਧੀ ਨਿਕਟ, ਸੂਖਮ ਅਤੇ ਮਹੀਨ ਅਧਿਐਨ ਨਾਲ ਸੰਬੰਧਿਤ ਹੈ। ਇਸ ਨਿਕਟ ਅਧਿਐਨ-ਵਿਧੀ ਦੀ ਪਹੁੰਚ ਨਾਲ ਉਸ ਨੇ ਪਹਿਲੀ ਵਾਰ ਵਿਕੋਲਿਤਰੀਆਂ ਕਾਵਿ ਰਚਨਾਵਾਂ ਨੂੰ ਅਧਿਐਨ-ਵਸਤੂ ਬਣਾਇਆ ਹੈ ਅਤੇ ਰਚਨਾ-ਸੰਰਚਨਾ, ਵਿਰੋਧਾਭਾਸ, ਬਹੁਅਰਥਤਾ, ਤਨਾਉ, ਅਜਨਬੀਕਰਨ ਅਤੇ ਵਸਤੂ-ਨਿਆਇਕਤਾ ਆਦਿ ਅੰਤਰ-ਦ੍ਰਿਸ਼ਟੀਆਂ ਦੇ ਸਹਾਰੇ ਕਾਵਿ ਰਚਨਾਵਾਂ ਤੇ ਆਂਤ੍ਰਿਕ-ਸੰਗਠਨ ਨੂੰ ਫਰੋਲਣ ਦਾ ਯਤਨ ਕੀਤਾ ਹੈ। ਕਾਵਿ ਰਚਨਾਵਾਂ ਦੀ ਵਿਹਾਰਕ ਆਲੋਚਨਾ ਦੇ ਖੇਤਰ ਵਿਚ ਇਹ ਪਹਿਲਾ ਮੌਕਾ ਹੈ, ਜਦੋਂ ਕਾਵਿ-ਰਚਨਾਵਾਂ ਨੂੰ ਇਕ ਸੁਤੰਤਰ ਇਕਾਈ ਦਾ ਮਹੱਤਵ ਪ੍ਰਦਾਨ ਕਰ ਕੇ ਉਹਨਾਂ ਦੇ ਰਚਨਾਵੀ-ਸੱਚ ਨੂੰ ਪਛਾਨਣ ਦਾ ਯਤਨ ਹੋਇਆ ਹੈ।* [4]

ਹਰਿਭਜਨ ਸਿੰਘ ਭਾਟੀਆ ਦੀ ਇਹ ਧਾਰਨਾ ਪੰਜਾਬੀ ਸਮੀਖਿਆ ਦੇ ਇਤਿਹਾਸ ਵਿਚ ਰੂਪਕੀ ਪੁਸਤਕ ਦੀ ਅਹਿਮੀਅਤ ਨੂੰ ਉਭਾਰਦੀ ਹੈ। ਇਸ ਪੁਸਤਕ ਦੇ ਪ੍ਰਕਾਸ਼ਨ ਤੋਂ ਪਹਿਲਾਂ ਪੰਜਾਬੀ ਸਾਹਿਤ ਆਲੋਚਨਾ ਵਿਚ ਕਾਵਿ ਰਚਨਾ ਨੂੰ ਖ਼ੁਦਮੁਖ਼ਤਾਰ ਹੋਂਦ ਵਜੋਂ ਸਵੀਕਾਰ ਕਰ ਕੇ ਅਧਿਐਨ ਕਰਨ ਦੀ ਪਿਰਤ ਨਹੀਂ ਸੀ। ਹਰਿਭਜਨ ਸਿੰਘ ਭਾਟੀਆ ਦਾ ਮੰਨਣਾ ਹੈ ਕਿ, *"ਇਸ ਪੁਸਤਕ ਵਿਚਲੇ ਨਿਬੰਧਾਂ ਦਾ ਤਕਨੀਕੀ ਗਿਆਨ ਅਤੇ ਜੀਵਨ-ਅਨੁਭਵ ਨਾਲ ਡੂੰਘਾ ਅਨੁਭਵ ਹੈ ਅਤੇ ਇਸੇ ਅਨੁਭਵ ਅਤੇ ਗਿਆਨ ਦੇ ਸਹਾਰੇ ਉਹ ਕਾਵਿ-ਰਚਨਾਵਾਂ ਵਿਚਲੇ ਮਾਨਵੀ-ਸੰਬੰਧਾਂ, ਸਮੇਂ ਅਤੇ ਕਰਮ ਕੋਣ ਦੀ ਪਛਾਣ ਕਰਦਾ ਹੈ।"* [5] ਹਰਿਭਜਨ ਸਿੰਘ ਦੀ ਵਿਹਾਰਕ ਸਮੀਖਿਆ ਸੰਬੰਧੀ ਇਸੇ ਤਰ੍ਹਾਂ ਦੀ ਧਾਰਨਾ ਨਾਹਰ ਸਿੰਘ ਪੇਸ਼ ਕਰਦਾ ਹੋਇਆ ਲਿਖਦਾ ਹੈ ਕਿ, *"ਉਹ ਵਿਹਾਰਕ ਅਧਿਐਨ ਸਮੇਂ ਰਚਨਾ ਵਿਚ ਵਸਤੂ/ਰੂਪ ਦੀ ਸੰਬਾਦਕੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਨ ਪ੍ਰਤੀ ਰੁਚਿਤ ਹੁੰਦਾ ਹੈ।"* [6] ਜਿਥੇ ਨਾਹਰ ਸਿੰਘ ਨੇ ਹਰਿਭਜਨ ਸਿੰਘ ਦੇ ਵਿਹਾਰਕ ਸਮੀਖਿਆ ਮਾਡਲ ਨੂੰ ਇਕ *'ਮਾਰਮਿਕ ਪ੍ਰਾਪਤੀ'* [7] ਦੱਸਿਆ ਹੈ, ਉਥੇ ਹਰਿਭਜਨ ਸਿੰਘ ਭਾਟੀਆ ਨੇ ਵੀ *ਹਰਿਭਜਨ ਸਿੰਘ ਦੀ ਇਸ ਸਮੀਖਿਆ ਵਿਧੀ ਨੂੰ ਕੁਝ ਸੀਮਾਵਾਂ ਦੀ ਪਛਾਣ ਤੋਂ ਬਾਅਦ ਅਨੁਕਰਣਯੋਗ ਮੰਨਿਆ ਹੈ।* [8] ਸੁਤਿੰਦਰ ਸਿੰਘ ਨੂਰ, *ਹਰਿਭਜਨ ਸਿੰਘ ਦੀ ਇਸ ਸਮੀਖਿਆ ਵਿਧੀ ਨੂੰ ਕਵਿਤਾ ਦੇ ਅਵਚੇਤਨ ਤਕ ਪਹੁੰਚਣ ਵੱਲ ਅਗਰਸਰ ਵਿਧੀ ਦੇ ਰੂਪ ਵਜੋਂ ਪਛਾਣਦਾ ਹੈ।* [9]

ਉਪਰੋਕਤ ਧਾਰਨਾਵਾਂ ਵਿਚ ਹਰਿਭਜਨ ਸਿੰਘ ਦੀ ਸਮੀਖਿਆ ਵਿਧੀ ਨੂੰ ਪੂਰਵਲੀ ਸਮੀਖਿਆ ਪਰੰਪਰਾ ਦੇ ਸਮਾਨਾਂਤਰ ਵੱਖਰਤਾ ਦੀ ਧਾਰਨੀ ਦਰਸਾਇਆ ਗਿਆ ਹੈ। ਦੂਜੇ ਨੁਕਤੇ ਅਨੁਸਾਰ ਉਪਰੋਕਤ ਧਾਰਨਾਵਾਂ ਦੀ ਪ੍ਰਕਿਰਤੀ ਲਗਭਗ ਇਕ ਦੂਜੇ ਦੇ ਉਲਟ ਹੈ। ਹਰਿਭਜਨ ਸਿੰਘ ਭਾਟੀਆ ਨੇ ਹਰਿਭਜਨ ਸਿੰਘ ਦੀ ਸਮੀਖਿਆ ਵਿਧੀ ਨੂੰ ਰਚਨਾ-ਯਥਾਰਥ ਨੂੰ ਸਮਾਜਕ ਵਿਵੇਕ ਨਾਲ ਨਾ ਜੋੜਨ ਦੇ ਰੂਪ ਵਿਚ ਪਛਾਣਿਆ ਹੈ। ਜਦਕਿ ਇਸ ਧਾਰਨਾ ਦੇ ਐਨ ਉਲਟ ਨਾਹਰ ਸਿੰਘ ਨੇ ਹਰਿਭਜਨ ਸਿੰਘ ਦੀ ਸਮੀਖਿਆ ਵਿਧੀ ਨੂੰ ਰੂਪ ਅਤੇ ਵਸਤੂ ਦੀ ਸੰਬਾਦੀ ਏਕਤਾ ਵਾਲੀ ਦੱਸਿਆ ਗਿਆ ਹੈ। ਇਸ ਦਾ ਨਿਤਾਰਾ ਅਧਿਐਨ ਦੀ ਬੁਨਿਆਦੀ ਇਕਾਈ ਵਿਚ ਦਾਖਲ ਹੋਣ ਤੋਂ ਬਾਅਦ ਹੀ ਹੋ ਸਕਦਾ ਹੈ।

ਕਵਿਤਾ ਦੇ ਵਿਹਾਰਕ ਅਧਿਐਨ ਦੌਰਾਨ ਹਰਿਭਜਨ ਸਿੰਘ ਦੇ ਸਾਹਮਣੇ ਪਹਿਲਾ ਸਵਾਲ ਕਵਿਤਾ ਦੇ 'ਅਦੁੱਤੀ' ਸਰੂਪ ਨੂੰ ਪਛਾਨਣਾ ਹੈ। ਉਸ ਅਨੁਸਾਰ, ਕਵਿਤਾ ਦਾ ਅਦੁੱਤੀ ਸਰੂਪ ਕਾਵਿ ਦੀ ਹੋਂਦ ਵਿਧੀ ਵਿਚੋਂ ਪਛਾਣਿਆ ਜਾ ਸਕਦਾ ਹੈ। ਹਰਿਭਜਨ ਸਿੰਘ ਕਾਵਿ-ਸਮੀਖਿਆ ਲਈ ਆਪਣੀ ਅਧਿਐਨ-ਵਿਧੀ ਦੀ ਗੱਲ ਕਰਦਾ ਹੋਇਆ ਆਖਦਾ ਹੈ;

*'ਥੀਮ' ਅਤੇ 'ਭਾਸ਼ਾ-ਬੁਣਤੀ' ਦੇ ਗੁੰਦਵੇਂ ਰਿਸ਼ਤੇ ਰਾਹੀਂ ਹੀ ਕਾਵਿ-ਕਿਰਤ ਨੂੰ ਸਮਝਣ ਦਾ ਜਤਨ ਮੇਰਾ ਪ੍ਰਯੋਜਨ ਰਿਹਾ ਹੈ। ਇਸ ਨੂੰ ਭਾਵੇਂ ਰੂਪਵਾਦੀ ਅਧਿਐਨ ਕਿਹਾ ਜਾਵੇ, ਭਾਵੇਂ ਸੰਰਚਨਾਵਾਦੀ, ਕਿਸੇ ਰੂਪਵਾਦੀ/ਸੰਰਚਨਾਵਾਦੀ ਸੰਪਰਦਾਇ ਨਾਲ ਬੱਝਣ ਦਾ ਇਰਾਦਾ ਨਹੀਂ। ਪੰਜਾਬੀ ਕਾਵਿ- ਕਿਰਤਾਂ ਦੇ ਆਧਾਰ ਤੇ ਪੰਜਾਬੀ*

 ISSN: 2583-9446 (O)


*ਸਮੀਖਿਆ-ਵਿਧੀ ਉਸਾਰਣ ਦਾ ਜਤਨ ਹੈ, ਸ਼ੁਧ ਸਿਧਾਂਤ ਨਿਰੂਪਣ ਦਾ ਵੇਲਾ ਅਜੇ ਨਹੀਂ ਆਇਆ।* [10]

ਉਸ ਦੀ ਇਸ ਧਾਰਨਾ ਨੂੰ ਵਿਚਾਰਨ ’ਤੇ ਇਹ ਵਿਚਾਰ ਸਹਿਜੇ ਹੀ ਅਗਰਭੂਮੀ ਵਿਚ ਆ ਜਾਂਦਾ ਹੈ ਕਿ ਉਹ ਰੂਸੀ ਰੂਪਵਾਦ ਦੇ ‘ਥੀਮ’ ਅਤੇ ਅਮਰੀਕੀ ਨਵ-ਆਲੋਚਨਾ ਦੇ ਸੰਕਲਪ ‘ਬੁਣਤੀ’ ਦੇ ਸੰਯੋਗ ਵਾਲੇ ਸਮੀਖਿਆ-ਮਾਡਲ ਦੀ ਵਰਤੋਂ ਵੱਲ ਰੁਚਿਤ ਹੈ। ਕਾਵਿ ਦੇ ਨਿਕਟ ਅਧਿਐਨ ਦੌਰਾਨ ਜਦ ਉਹ ਅਧਿਐਨ ਵਿਚ ਦਾਖਲ ਹੁੰਦਾ ਹੈ ਤਾਂ ਉਹ ਅਧਿਐਨ ਦਾ ਆਗ਼ਾਜ਼ ਹੀ ਰੂਪਾਕਾਰ ਦੀ ਪਛਾਣ ਤੋਂ ਕਰਦਾ ਹੈ। ਇਸ ਪ੍ਰਕਿਰਿਆ ਵਿਚ ਪਿਆ, ਉਹ ਰੂਪਾਕਾਰ ਦੀ ਪਛਾਣ ਦਾ ਆਧਾਰ ਸੰਬੋਧਨ ਵਿਧੀ ਨੂੰ ਬਣਾਉਂਦਾ ਹੈ। ਉਸ ਲਈ ਰੂਪਾਕਾਰ ਦੀ ਪਛਾਣ ਕਾਵਿ-ਸਮੀਖਿਆ ਦੇ ਪ੍ਰਮੁੱਖ ਉਦੇਸ਼ ‘ਕਾਵਿ ਦੇ ਅਦੁੱਤੀ ਰੂਪ ਨੂੰ ਜਾਣਨ’ ਤਕ ਅਪੜਣ ਲਈ ਅਹਿਮ ਪਹਿਲੂ ਹੈ। ਇਸ ਦੀ ਪਛਾਣ ਉਹ ਸੰਬੋਧਨ ਕਰਤਾ ਦੇ ਪੱਖ ਤੋਂ ਕਰਦਾ ਹੋਇਆ, ਕਾਵਿ ਸੰਰਚਨਾ ਦੀਆਂ ਸੂਖ਼ਮ ਪਰਤਾਂ ਤਕ ਪੁੱਜਦਾ ਹੈ।

ਹਰਿਭਜਨ ਸਿੰਘ ਅਨੁਸਾਰ ਕਵਿਤਾ ਦਾ ਮੂਲ ਤੱਤ ਤਨਾਉ ਹੈ। ਉਹ ਤਨਾਉ ਨੂੰ ਹੀ ਕਾਵਿ-ਪਾਠ ਦੇ ਅਧਿਐਨ ਦਾ ਵਿਦਾ ਬਿੰਦੂ ਮੰਨਦਾ ਹੈ। ਉਹ ਮੋਹਨ ਸਿੰਘ ਦੀਆਂ ਤਿੰਨ ਕਵਿਤਾਵਾਂ ਦੇ ਵਿਹਾਰਕ ਅਧਿਐਨ ਵਿਚ ‘ਤਨਾਉ’ ਨੂੰ ਸਾਂਝੇ ਤੱਤ ਵਜੋਂ ਪਛਾਣਦਾ ਹੈ। ਇਸੇ ਤਰ੍ਹਾਂ ਉਹ ਭਾਈ ਵੀਰ ਸਿੰਘ ਦੀ ਕੰਬਦੀ ਕਲਾਈ ਕਵਿਤਾ ਦੇ ਅਧਿਐਨ ਤੋਂ ਬਾਅਦ ਇਸ ਨਤੀਜੇ ’ਤੇ ਪੁੱਜਦਾ ਹੈ ਕਿ *“ਭਾਈ ਵੀਰ ਸਿੰਘ ਨੇ ਅਜੇਹੀ ਕਸਵੀਂ ਤੇ ਤਨਾਉਸ਼ੀਲ ਬਣਤਰ ਵਾਲੀ ਕਵਿਤਾ ਸ਼ਾਇਦ ਹੋਰ ਕੋਈ ਨਹੀਂ ਰਚੀ।”* [11] ਕਵਿਤਾ ਦੀ ਨਿੱਜਗਤ ਵਿਲੱਖਣਤਾ, ਤਨਾਉ, ਪਰਾਹਨ, ਸੰਦਰਭਾਰਥ ਆਦਿ ਸੰਕਲਪਾਂ ਦੀ ਤਲਾਸ਼ ਉਸ ਦੇ ਅਧਿਐਨ ਦਾ ਮਰਕਜ਼ ਬਣਦੀ ਹੈ।

ਰੂਸੀ ਰੂਪਵਾਦ ਦੇ ਤਹਿਤ ਉਹ ਥੀਮ ਅਤੇ ਮੋਟਿਫ ਦਾ ਨਿਖੇੜਾ ਕਰਦਾ ਹੈ। ਉਸ ਅਨੁਸਾਰ, *“ਮੋਟਿਫ ਵੀ ਥੀਮ ਹੀ ਹੈ-ਥੀਮ ਦਾ ਉਹ ਛੋਟੇ ਤੋਂ ਛੋਟਾ ਅੰਗ ਜਿਸ ਨੂੰ ਹੋਰ ਘਟਾਇਆ ਨਾ ਜਾ ਸਕੇ।”* [12] *ਕੁੜੀ ਪੋਠੋਹਾਰ ਦੇ ਵਿਸ਼ਲੇਸ਼ਣ ਦੌਰਾਨ ਉਹ ਤਿੰਨ ਮੋਟਿਫ਼ਾਂ ਦੀ ਤਲਾਸ਼ ਕਰਦਾ ਹੈ, ‘ਪੰਡ ਵਾਲੀ ਕੁੜੀ’, ‘ਘੁੰਗਟ ਦਾ ਕੰਮ ਕਰਨ ਵਾਲੀ ਪੰਡ’ ਅਤੇ ‘ਨਾ ਦਿਸਣ ਵਾਲੀ ਨੁਹਾਰ’। ਇਸ ਤੋਂ ਬਾਅਦ ਤੋਂ ਉਹ ਕਵਿਤਾ ਵਿਚ ਵਰਤੇ ਅਲੰਕਾਰਾਂ ਦੀ ਪ੍ਰਕਿਰਤੀ ਬਾਰੇ ਚਰਚਾ ਕਰਦਾ ਹੋਇਆ, ਮੁੜ ਰੂਪਾਕਾਰ ਦੀ ਪਛਾਣ ਸੰਬੰਧੀ ਚਰਚਾ ਨੂੰ ਅਧਿਐਨ ਦੇ ਕੇਂਦਰ ਵਿਚ ਲੈ ਆਉਂਦਾ ਹੈ। ਉਹ ਕਵਿਤਾ ਦੇ ਸ਼ੁਰੂਆਤੀ ਹਿੱਸੇ ਨੂੰ ਬਿਰਤਾਂਤ ਵਿਚ ਪ੍ਰਗੀਤ ਮਿਲੇ ਹੋਣ ਦੀ ਗੱਲ ਕਰਦਾ ਹੈ ਅਤੇ ਅਖੀਰ ਤਕ ਆਉਂਦਿਆਂ ਇਸ ਦੇ ਨਿਰੋਲ ਪ੍ਰਗੀਤ ਬਣ ਜਾਣ ਦੀ ਨਿਸ਼ਾਨਦੇਹੀ ਕਰਦਾ ਹੈ।* [13] ਇਸ ਤਰ੍ਹਾਂ ਰੂਪਾਕਾਰ ਦੀ ਪਛਾਣ ਉਸ ਦੇ ਅਧਿਐਨ ਦੀ ਪ੍ਰਮੁਖ ਬਣਦੀ ਨਜ਼ਰ ਆਉਂਦੀ ਹੈ।

ਉਸ ਦੀ ਰੂਪਵਾਦੀ ਕਾਵਿ-ਸਮੀਖਿਆ ਦੇ ਮਾਡਲ ਨੂੰ ਇਸ ਵੇਨ-ਆਕ੍ਰਿਤੀ ਰਾਹੀਂ ਦਰਸਾਇਆ ਜਾ ਸਕਦਾ ਹੈ;




ਅਧਿਐਨ ਦੌਰਾਨ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਹਰਿਭਜਨ ਸਿੰਘ ਦੀ ਸਮੀਖਿਆ ਵਿਧੀ ਪਾਠ ਕੇਂਦਰਿਤ ਹੈ। ਇਸ ਵਿਚ ਰਚਨਾ ਅਤੇ ਸਮਾਜ ਜਾਂ ਰੂਪ ਅਤੇ ਵਸਤੂ ਦੀ ਸੰਬਾਦੀ ਏਕਤਾ ਰਾਹੀਂ ਵਿਸ਼ਲੇਸ਼ਣ ਕਰਨ ਦਾ ਪਹਿਲੂ ਸਪੇਸ ਗ੍ਰਹਿਣ ਨਹੀਂ ਕਰ ਪਾਉਂਦਾ। ਇਸ ਲਈ ਪ੍ਰਾਪਤ ਧਾਰਨਾਵਾਂ ਦੀ ਚਰਚਾ ਦੌਰਾਨ ਨਾਰਰ ਸਿੰਘ ਦੀ ਧਾਰਨਾ ਸਵਾਲ ਦੇ ਘੇਰੇ ਵਿਚ ਆ ਜਾਂਦੀ ਹੈ।

ਸਮੁੱਚੇ ਰੂਪ ਵਿਚ ਹਰਿਭਜਨ ਸਿੰਘ ਪੰਜਾਬੀ ਕਾਵਿ-ਕਿਰਤਾਂ ਦੇ ਨਿਕਟ ਅਧਿਐਨ ਰਾਹੀਂ ਜਿਸ ਸਮੀਖਿਆ ਵਿਧੀ ਨੂੰ ਨਿਤਾਰਦਾ ਹੈ ਉਹ ਭਾਰਤੀ ਕਾਵਿ ਸ਼ਾਸ਼ਤਰ, ਰੂਸੀ ਰੂਪਵਾਦ, ਅਮਰੀਕੀ ਨਵ-ਆਲੋਚਨਾ ਅਤੇ ਸੰਰਚਨਾਵਾਦ ਦੇ ਸੰਕਲਪਾਂ ਅਤੇ ਚੌਖਟਿਆਂ ਦੇ ਮਿਲਗੋਭੇ ਵਾਲੀ ਸਮੀਖਿਆ-ਵਿਧੀ ਹੈ। ਇਸ ਨੂੰ ਰੂਪਾਕਾਰ ਦੀ ਪਛਾਣ (ਸੰਬੋਧਨ ਵਿਧੀ), ਤਨਾਉ, ਵਿਰੋਧਾਭਾਸ, ਰੂਪਕ, ਬੁਣਤੀ, ਥੀਮ, ਰੀਮ ਅਤੇ ਸੰਰਚਨਾ ਜਿਹੇ ਸੰਕਲਪਾਂ ਰਾਹੀਂ ਪਛਾਣਦਾ ਹੈ। ਉਹ ‘ਕਿਰਤ ਦੇ ਸੱਚ ਨੂੰ ਕਿਰਤ ਦੇ ਅੰਦਰੂਨੀ ਸੰਗਠਨ’ ਵਿਚੋਂ ਹੀ ਤਲਾਸ਼ਦਾ ਹੈ। ਸਾਹਿਤ-ਬਾਹਰੀ ਅਧਿਐਨ ਨੂੰ ਸਾਰਥਕ ਨਾ ਮੰਨ ਕੇ, ਰਚਨਾ-ਕੇਂਦਰਿਤ ਅਧਿਐਨ ਹੀ ਉਚਿਤ ਮੰਨਣਾ, ਉਸ ਦੇ ਇਸ ਸਮੀਖਿਆ-ਮਾਡਲ ਦੀ ਸੀਮਾ ਆਖੀ ਜਾ ਸਕਦੀ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਭੱਟੀ, ਸੁਰਜੀਤ ਸਿੰਘ (2021) ਸਿੱਧਾਂਤ ਅਤੇ ਸਿੱਧਾਂਤ-ਚਿੰਤਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 67 & ਸੁਖਦੇਵ ਸਿੰਘ, (2012) ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 92*
2. *ਜਸਬੀਰ ਕੌਰ, (ਸੰਪਾ.) (2015) ਡਾ. ਹਰਿਭਜਨ ਸਿੰਘ ਸਿਮਰਤੀ ਗ੍ਰੰਥ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 190*
3. *ਹਰਿਭਜਨ ਸਿੰਘ (2010) ਅਧਿਅਨ ਅਤੇ ਅਧਿਆਪਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ: 1*

4. ਭਾਟੀਆ, ਹਰਿਭਜਨ ਸਿੰਘ (2015) ਪੰਜਾਬੀ ਆਲੋਚਨਾ: ਸਿੱਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨੇ: 202-203
5. -ਉਹੀ-, ਪੰਨਾ: 203
6. ਕੇਸਰ, ਕੇਸਰ ਸਿੰਘ (ਸੰਪਾ.), (1994) ਹਰਿਭਜਨ ਸਿੰਘ ਤੇ ਉਹਨਾਂ ਦਾ ਰਚਨਾ ਸੰਸਾਰ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਪੰਨਾ: 127
7. -ਉਹੀ-,
8. ਭਾਟੀਆ, ਹਰਿਭਜਨ ਸਿੰਘ, (2015) ਪੰਜਾਬੀ ਆਲੋਚਨਾ: ਸਿੱਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨੇ: 202-203.
9. ਜਸਬੀਰ ਕੌਰ, (2015) ਡਾ. ਹਰਿਭਜਨ ਸਿੰਘ ਸਿਮਰਤੀ ਗ੍ਰੰਥ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 202
10. ਹਰਿਭਜਨ ਸਿੰਘ (2010) ਰੂਪਕੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ: 13
11. -ਉਹੀ- ਪੰਨਾ: 24
12. -ਉਹੀ-, ਪੰਨਾ: 45
13. -ਉਹੀ-, ਪੰਨਾ: 49



***Cite this Article-***

*ਜਗਜੀਤ ਸਿੰਘ (Jagjit Singh), ਹਰਿਭਜਨ ਸਿੰਘ ਦੀ ਸਮੀਖਿਆ-ਵਿਧੀ ('ਰੂਪਕੀ' ਪੁਸਤਕ ਦੇ ਵਿਸ਼ੇਸ਼ ਪ੍ਰਸੰਗ ਵਿਚ) Haribhajan Singh Di Sameekhiya-Vidhi ('Roopki' Pustak De Vishesh Prasang Vich), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 145-148.*

*Journal URL:* www.armaan.org.in

*DOI:* https://doi.org/10.64119/armaan.vol.4.issue1.27



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/